# ਮਾਡਲ ਟੈਸਟ ਪੇਪਰ
# ਵਿਸ਼ਾ: ਇੰਜ਼ੀਨੀਅਰਿੰਗ ਡਰਾਇੰਗ-II
# ਵਿਸ਼ਾ ਕੋਡ-113

**ਸਮਾਂ: 2 ਘੰਟੇ** **ਕੁੱਲ ਅੰਕ: 30**

**ਭਾਗ-I**

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਇੱਟ ਦਾ ਸਟੈਂਡਰਡ ਸਾਈਜ਼ ਕੀ ਹੈ?
2. ਨੀਂਹ ਤੋਂ ਕੀ ਭਾਵ ਹੈ ?
3. ਬੀਮ ਕੀ ਹੁੰਦਾ ਹੈ ?
4. ਟ੍ਰੈਪ ਕੀ ਹੁੰਦਾ ਹੈ ?
5. ਖੁੱਲੀ ਨਾਲੀ ਤੋਂ ਕੀ ਭਾਵ ਹੈ ?
6. ਸ਼ਟਰਿੰਗ (ਫ਼ਾਰਮਵਰਕ) ਦਾ ਸਮਾਨ ਬਣਿਆ ਹੁੰਦਾ ਹੈ:
   ੳ) ਪਲਾਸਟਿਕ ਤੋਂ ਅ) ਲੱਕੜ ਤੋਂ ੲ) ਚਾਂਦੀ ਤੋਂ ਸ) ਉਪਰੋਕਤ ਸਾਰੇ ਹੀ
7. 19 × 9 × 9 ਸੈ: ਮੀ: ਇੱਟ ਦਾ ਸੈਰੂ ਹੁੰਦਾ ਹੈ:
   ੳ) 9 × 9 ਸੈ: ਮੀ: ਅ) 35 × 9 ਸੈ: ਮੀ: ੲ) 29 × 19 ਸੈ: ਮੀ: ਸ) 19 × 9 ਸੈ: ਮੀ:
8. ਇੱਟਾਂ ਦੀ ਚਿਣਾਈ ਵਿਚਲੇ ਜੋੜਾਂ ਦੀ ਮੋਟਾਈ ਕਿੰਨੀ ਹੋਣੀ ਚਾਹੀਦੀ ਹੈ:
   ੳ) 12 ਮਿ:ਮੀ: ਅ) 56 ਮਿ:ਮੀ: ੲ) 70 ਮਿ:ਮੀ: ਸ) 46 ਮਿ:ਮੀ
9. 19 × 9 × 9 ਸੈ:ਮੀ: ਇੱਟ ਦਾ ਆਕਾਰ ਵਰਗਾਕਾਰ ਹੁੰਦਾ ਹੈ। ਸਹੀ/ਗਲਤ
10. ਸੀਵਰ ਰਾਂਹੀ ਪੀਣ ਵਾਲੇ ਪਾਣੀ ਦੀ ਸਿਪਲਾਈ ਦਿੱਤੀ ਜਾਂਦੀ ਹੈ। ਸਹੀ/ਗਲਤ

10×1=10

**ਭਾਗ-II**

**ਨੋਟ: ਭਾਗ-II ਵਿੱਚੋਂ ਕੋਈ ਪੰਜ਼ ਪ੍ਰਸ਼ਨ ਕਰੋ।**

11. ਪ੍ਰੋਜੈਕਸ਼ਣ ਬਾਰੇ ਸੰਖੇਪ ਨੋਟ ਲਿਖੋ।
12. ਸਿੰਗਲ ਰੀਨਫੋਰਸਿਡ ਅਤੇ ਡਬਲ ਰੀਨਫੋਰਸਿਡ ਬੀਮ ਵਿੱਚ ਅੰਤਰ ਲਿਖੋ।
13. ਇੱਟਾਂ ਦੀ ਚਿਣਾਈ ਬਾਰੇ ਸੰਖੇਪ ਨੋਟ ਲਿਖੋ।
14. ਸ਼ਟਰਿੰਗ ਬਾਰੇ ਸੰਖੇਪ ਨੋਟ ਲਿਖੋ।
15. ਰਾਫਟ ਨੀਂਹ ਬਾਰੇ ਸੰਖੇਪ ਨੋਟ ਲਿਖੋ।
16. ਗੋਲਾਕਾਰ ਸੀਵਰ ਬਾਰੇ ਸੰਖੇਪ ਨੋਟ ਲਿਖੋ।
17. ਵਰਗਾਕਾਰ ਅਤੇ ਅਰਧਗੋਲਾਕਾਰ ਨਾਲੀ ਬਾਰੇ ਲਿਖੋ।

5×3=15

**ਭਾਗ-III**

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।**

18. ਇੱਕ ਚੰਗੀ ਇੱਟ ਦੇ ਗੁਣ ਜਾਂ ਵਿਸ਼ੇਸ਼ਤਾਵਾਂ ਲਿਖੋ।
19. ਨਹਿਰ ਪ੍ਰਣਾਲੀ ਦਾ ਵਰਗੀਕਰਨ ਚਿੱਤਰ ਸਮੇਤ ਕਰੋ।

1×5=5

# ਮਾਡਲ ਟੈਸਟ ਪੇਪਰ

## ਵਿਸ਼ਾ: ਇੰਜ਼ੀਨੀਅਰਿੰਗ ਡਰਾਇੰਗ-II

## ਵਿਸ਼ਾ ਕੋਡ-113

**ਸਮਾਂ:** 2 ਘੰਟੇ **ਕੁੱਲ ਅੰਕ:** 30

**ਭਾਗ-I**

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਇੱਟ ਦੀ ਬਾਹੀ ਕੀ ਹੁੰਦੀ ਹੈ ?
2. ਆਟੋਕੈਡ ਕੀ ਹੈ ?
3. ਆਫਸੈੱਟ ਸ਼ੈਕਸ਼ਨ ਕੀ ਹੁੰਦਾ ਹੈ ?
4. ਪ੍ਰੋਜੈਕਸ਼ਨ ਤੋਂ ਕੀ ਭਾਵ ਹੈ ?
5. ਵਨ ਵੇ ਸਲੇਬ ਤੋਂ ਕੀ ਭਾਵ ਹੈ ?
6. ਪਹਾੜੀ ਇਲਾਕਿਆਂ ਵਿੱਚ ਜ਼ਿਆਦਾਤਰ ਕਿਹੜੀ ਨੀਂਹ ਤਿਆਰ ਕੀਤੀ ਜਾਂਦੀ ਹੈ:
   ੳ) ਖਿਲਰੀ ਨੀਂਹ ਅ) ਪੋੜੀਦਾਰ ਨੀਂਹ ੲ) ਰਾਫ਼ਟ ਨੀਂਹ ਸ) ਗ੍ਰਿਲਿਜ਼ ਨੀਂਹ
7. 19× 9× 9 ਸੈ: ਮੀ: ਇੱਟ ਦਾ ਵਜ਼ਨ (ਭਾਰ) ਕਿੰਨਾ ਹੁੰਦਾ ਹੈ:
   ੳ) 3 ਕਿਲੋਗ੍ਰਾਮ ਅ) 5 ਕਿਲੋਗ੍ਰਾਮ ੲ) 2 ਕਿਲੋਗ੍ਰਾਮ ਸ) 4.5 ਕਿਲੋਗ੍ਰਾਮ
8. ਲੱਕੜ ਦੀ ਸ਼ਟਰਿੰਗ ਦਾ ਸਮਾਨ ਹੁੰਦਾ ਹੈ:
   ੳ) ਸਸਤਾ ਅ) ਭਾਰ ਵਿੱਚ ਹਲਕਾ ਅ) ੳ ਅਤੇ ਅ ਦੋਨੋ ਸ) ਇਹਨਾਂ ਵਿੱਚੋਂ ਕੋਈ ਨਹੀਂ
9. ਵਰਗਾਕਾਰ ਥੰਮਲੇ ਵਿੱਚ ਚਾਰ ਸਰੀਏ ਹੋਣੇ ਚਾਹੀਦੇ ਹਨ। ਸਹੀ/ਗਲਤ
10. ਇੱਕ ਚੰਗੀ ਕੁਆਲਿਟੀ ਦੀ ਇੱਟ ਦੇ ਕਿਨਾਰੇ ਟੁੱਟੇ ਹੋਏ ਹੋਣੇ ਚਾਹੀਦੇ ਹਨ। ਸਹੀ/ਗਲਤ

10×1=10

**ਭਾਗ-II**

**ਨੋਟ: ਭਾਗ-II ਵਿੱਚੋਂ ਕੋਈ ਪੰਜ਼ ਪ੍ਰਸ਼ਨ ਕਰੋ।**

11. ਨੀਂਹ ਦੇ ਉਦੇਸ਼ ਲਿਖੋ।
12. ਅੰਗਰੇਜ਼ੀ ਚਾਲ ਅਤੇ ਫਲੇਮਿਸ਼ ਚਾਲ ਵਿੱਚ ਅੰਤਰ ਲਿਖੋ।
13. ਆਟੋਕੈਡ ਦੇ ਲਾਭ ਲਿਖੋ।
14. ਆਇਤਕਾਰ ਸੀਵਰ ਬਾਰੇ ਸੰਖੇਪ ਨੋਟ ਲਿਖੋ।
15. ਮਿੱਟੀ ਦੀ ਭਾਰ ਸਹਿਣ ਦੀ ਸਮਰੱਥਾ ਤੋਂ ਕੀ ਭਾਵ ਹੈ?
16. ਬੀਮ ਦੀਆਂ ਕਿਸਮਾਂ ਲਿਖੋ।
17. ਸ਼ੈਕਸ਼ਨ ਦੀਆਂ ਕਿਸਮਾਂ ਲਿਖੋ।

5×3=15

**ਭਾਗ-III**

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।ਸਾਫ਼ ਸੁਥਰੇ ਚਿੱਤਰ ਬਣਾਉ।**

18. ਪਾਇਲ ਅਤੇ ਕੂਪ ਨੀਂਹ ਬਾਰੇ ਵਿਸਥਾਰਪੂਰਵਕ ਲਿਖੋ।
19. ਵਰਗਾਕਾਰ ਅਤੇ ਗੋਲ ਥੰਮਲੇ ਵਿੱਚ ਅੰਤਰ ਲਿਖੋ।

1×5=5

# ਮਾਡਲ ਟੈਸਟ ਪੇਪਰ

## ਵਿਸ਼ਾ: ਵਰਕਸ਼ਾਪ ਪ੍ਰੈਕਟਿਸ-II

**ਸਮਾਂ: 2 ਘੰਟੇ** **ਵਿਸ਼ਾ ਕੋਡ: 114** **ਕੁੱਲ ਅੰਕ: 30**

### ਭਾਗ-I

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਖ਼ਗੋਲ ਸਰਵੇ ਤੋਂ ਕੀ ਭਾਵ ਹੈ ?
2. ਖਾਨ ਸਰਵੇ ਕੀ ਹੁੰਦਾ ਹੈ ?
3. ਐਲੀਡੇਡ ਯੰਤਰ ਕਿਸ ਕੰਮ ਆਉਂਦਾ ਹੈ ?
4. ਗ੍ਰਹਿਤ ਤਲ ਤੋਂ ਕੀ ਭਾਵ ਹੈ ?
5. ਕੰਨਟਿਊਰਿੰਗ ਤੋਂ ਕੀ ਭਾਵ ਹੈ ?
6. 20 ਮੀਟਰ ਜ਼ਰੀਬ ਵਿਚ ਕਿੰਨੀਆਂ ਕੜੀਆਂ (ਲਿੰਕ) ਹੁੰਦੀਆਂ ਹਨ :
   ੳ) 150 ਅ) 100 ੲ) 75 ਸ) 55
7. ਇੰਜ਼ੀਨੀਅਰ ਜ਼ਰੀਬ ਦੀ ਲੰਬਾਈ ਕਿੰਨੀ ਹੁੰਦੀ ਹੈ:
   ੳ) 100 ਫੁੱਟ ਅ) 105 ਫੁੱਟ ੲ) 108 ਫੁੱਟ ਸ) 68 ਫੁੱਟ
8. ਪਟਲ ਸਰਵੇ (ਪਲੇਨ ਟੇਬਲ ਸਰਵੇ) ਵਿੱਚ ਕਿਹੜਾ ਯੰਤਰ ਨਹੀਂ ਵਰਤਿਆ ਜਾਂਦਾ ਹੈ:
   ੳ) ਯੂ-ਕਾਂਟਾ ਅ) ਐਲੀਡੇਡ ੲ) ਪਲੇਨ ਟੇਬਲ ਸ) ਟਿਲਟਿੰਗ ਲੇਵਲ
9. ਲੇਵਲ ਬੁੱਕ ਨੂੰ ਜ਼ਰੀਬ ਸਰਵੇ ਵਿੱਚ ਵਰਤਿਆ ਜਾਂਦਾ ਹੈ। ਸਹੀ/ਗਲਤ
10. ਸਰਵੇ ਕਰਨ ਦਾ ਕੰਮ ਸਰਵੇਅਰ ਦੁਆਰਾ ਕੀਤਾ ਜਾਂਦਾ ਹੈ। ਸਹੀ/ਗਲਤ

10×1=10

### ਭਾਗ-II

**ਨੋਟ: ਭਾਗ-II ਵਿੱਚੋਂ ਕੋਈ ਪੰਜ ਪ੍ਰਸ਼ਨ ਕਰੋ।ਸਾਫ਼ ਸੁਥਰੇ ਚਿੱਤਰ ਬਣਾਉ।**

11. ਸਰਵੇ ਦੇ ਖੰਡਾਂ ਬਾਰੇ ਲਿਖੋ।
12. ਆਫਸੈੱਟ ਰਾਡ ਦਾ ਚਿੱਤਰ ਸਹਿਤ ਵਰਣਨ ਕਰੋ।
13. ਮੀਟ੍ਰਿਕ ਜ਼ਰੀਬ ਬਾਰੇ ਸੰਖੇਪ ਨੋਟ ਲਿਖੋ।
14. ਪਟਲ (ਪਲੇਨ ਟੇਬਲ) ਸਰਵੇ ਦੀ ਮਾਲਾਰੇਖਣ ਵਿਧੀ ਬਾਰੇ ਲਿਖੋ ।
15. ਡੰਪੀ ਲੇਵਲ ਯੰਤਰ ਉੱਪਰ ਸੰਖੇਪ ਨੋਟ ਲਿਖੋ।
16. ਲੇਵਲਿੰਗ ਦੇ ਉਦੇਸ਼ ਲਿਖੋ ।
17. ਕੰਨਟਿਊਰ ਮੈਪ ਤਿਆਰ ਕਰਨ ਦੀ ਕਰਾਸ ਸੈਕਸ਼ਨ ਵਿਧੀ ਬਾਰੇ ਲਿਖੋ।

5×3=15

### ਭਾਗ-III

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।**

18. ਪਟਲ (ਪਲੇਨ ਟੇਬਲ ) ਸਰਵੇ ਵਿੱਚ ਵਰਤੇ ਜਾਣ ਵਾਲੇ ਯੰਤਰਾਂ ਬਾਰੇ ਲਿਖੋ।
19. 20 ਮੀਟਰ ਲੰਬੀ ਜ਼ਰੀਬ ਜੋ ਕਿ ਆਪਣੀ ਅਸਲ ਵਿੱਚ ਆਪਣੀ ਲੰਬਾਈ ਤੋਂ 0.5 ਮੀਟਰ ਲੰਬੀ ਹੈ।ਜੇਕਰ ਇਸ ਜ਼ਰੀਬ ਨਾਲ 350 ਮੀਟਰ ਲੰਬਾਈ ਮਾਪੀ ਜਾਂਦੀ ਹੈ ਤਾਂ ਜ਼ਰੀਬ ਰੇਖਾ ਦੀ ਸਹੀ ਲੰਬਾਈ ਪਤਾ ਕਰੋ।

1×5=5

# ਮਾਡਲ ਟੈਸਟ ਪੇਪਰ

## ਵਿਸ਼ਾ: ਵਰਕਸ਼ਾਪ ਪ੍ਰੈਕਟਿਸ-II

**ਸਮਾਂ:** 2 ਘੰਟੇ **ਵਿਸ਼ਾ ਕੋਡ:** 114 **ਕੁੱਲ ਅੰਕ:** 30

**ਭਾਗ-I**

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਭੂਗੋਲਿਕ ਸਰਵੇ ਕੀ ਹੁੰਦਾ ਹੈ ?
2. ਸਮੁੰਦਰੀ ਸਰਵੇ ਕੀ ਹੁੰਦਾ ਹੈ ?
3. ਆਧਾਰ ਰੇਖਾ ਕੀ ਹੁੰਦੀ ਹੈ ?
4. ਬੈਂਚ ਮਾਰਕ ਕੀ ਹੁੰਦਾ ਹੈ ?
5. ਜ਼ਰੀਬ ਸਰਵੇ ਵਿੱਚ ਕਿਹੜਾ ਯੰਤਰ ਵਰਤਿਆ ਜਾਂਦਾ ਹੈ:
   ੳ) ਸੂਆ ਅ) ਜ਼ਰੀਬ ੲ) ਰੇਂਜਿੰਗ ਰਾਡ ਸ) ਇਹ ਸਾਰੇ ਹੀ
6. ਗੰਟਰ ਜ਼ਰੀਬ ਦੀ ਲੰਬਾਈ ਕਿੰਨੀ ਹੁੰਦੀ ਹੈ:
   ੳ) 66 ਫੁੱਟ ਅ) 44 ਫੁੱਟ ੲ) 55 ਫੁੱਟ ਸ) 33 ਫੁੱਟ
7. ਐਲੀਡੇਡ ਯੰਤਰ ਕਿਸ ਸਰਵੇ ਵਿੱਚ ਵਰਤਿਆ ਜਾਂਦਾ ਹੈ:
   ੳ) ਪਟਲ (ਪਲੇਨ ਟੇਬਲ) ਸਰਵੇ ਅ) ਜ਼ਰੀਬ ਸਰਵੇ ੲ) ਥੈਡੋਲਾਈਟ ਸਰਵੇ ਸ) ਖ਼ਾਨ ਸਰਵੇ
8. ਥਲ ਸਰਵੇ ਵਿੱਚ ਕਿਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ:
   ੳ) ਸ਼ੜਕਾਂ ਬਾਰੇ ਅ) ਪਿੰਡਾਂ ਬਾਰੇ ੲ) ਨਦੀਆਂ ਬਾਰੇ ਸ) ਇਹਨਾਂ ਸਾਰਿਆਂ ਬਾਰੇ
9. ਇੰਜ਼ੀਨੀਅਰ ਜ਼ਰੀਬ ਦੀ ਲੰਬਾਈ 55 ਮੀਟਰ ਹੁੰਦੀ ਹੈ। ਸਹੀ/ਗਲਤ
10. ਸਮੋਚ ਰੇਖਾ ਹਮੇਸ਼ਾ ਸ਼ੁਰੂ ਵਾਲੇ ਬਿੰਦੂ ਉੱਪਰ ਆ ਕੇ ਹੀ ਖਤਮ ਹੁੰਦੀ ਹੈ। ਸਹੀ/ਗਲਤ

10×1=10

**ਭਾਗ-II**

**ਭਾਗ-II ਵਿੱਚੋਂ ਕੋਈ ਪੰਜ਼ ਪ੍ਰਸ਼ਨ ਕਰੋ।**

11. ਯੰਤਰਾਂ ਦੇ ਆਧਾਰ ਤੇ ਸਰਵੇ ਦਾ ਵਰਗੀਕਰਨ ਕਰੋ।
12. ਸਰਵੇ ਰੇਖਾ ਦਾ ਆਰੇਖਣ ਕਰਨ ਦੀ ਵਿਧੀ ਲਿਖੋ।
13. ਫੀਲਡ ਨੋਟ ਬੁੱਕ ਤੇ ਸੰਖੇਪ ਨੋਟ ਲਿਖੋ ।
14. ਜ਼ਰੀਬ ਸਰਵੇ ਵਿੱਚ ਵਰਤੇ ਜਾਣ ਵਾਲੇ ਕਿਸੇ ਦੋ ਯੰਤਰਾਂ ਬਾਰੇ ਲਿਖੋ।
15. ਟਾਰਗੈਟ ਸਟਾਫ਼ ਬਾਰੇ ਸੰਖੇਪ ਨੋਟ ਲਿਖੋ।
16. ਲੇਵਲਿੰਗ ਦੇ ਕੰਮ ਦੌਰਾਨ ਆਉਣ ਵਾਲੀਆਂ ਤਰੁੱਟੀਆਂ ਬਾਰੇ ਲਿਖੋ ।
17. ਸਮੋਚ ਰੇਖਾਵਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ।

5×3=15

**ਭਾਗ-III**

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।**

18. ਪਲੇਨ ਟੇਬਲ ਸਰਵੇ ਦੀ ਕਾਰਜ਼ ਵਿਧੀ ਬਾਰੇ ਵਿਸਥਾਰਪੂਰਵਕ ਲਿਖੋ।
19. 30 ਮੀਟਰ ਲੰਬੀ ਜ਼ਰੀਬ ਆਪਣੀ ਅਸਲ ਲੰਬਾਈ ਤੋ 0.05 ਮੀਟਰ ਛੋਟੀ ਹੈ।ਜੇਕਰ ਇਸ ਜ਼ਰੀਬ ਨਾਲ 550 ਮੀਟਰ ਲੰਬਾਈ ਮਾਪੀ ਜਾਂਦੀ ਹੈ ਤਾਂ ਅਸਲ ਵਿਚ ਜ਼ਰੀਬ ਰੇਖਾ ਦੀ ਸਹੀ ਲੰਬਾਈ ਪਤਾ ਕਰੋ ।

1×5=5

## ਮਾਡਲ ਟੈਸਟ ਪੇਪਰ

## ਵਿਸ਼ਾ: ਕੰਸਟ੍ਰਕਸ਼ਨ ਮੀਟੀਰੀਅਲ ਐਂਡ ਅਸਟੀਮੇਟ

**ਸਮਾਂ:** 2 ਘੰਟੇ **ਵਿਸ਼ਾ ਕੋਡ:** 115 **ਕੁੱਲ ਅੰਕ:** 30

### ਭਾਗ-I

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ:**

1. ਇੱਟ ਦੀ ਮਿੱਟੀ ਦੇ ਤੱਤ ਲਿਖੋ।
2. ਰੇਤ ਕਿਸ ਕੰਮ ਆਉਂਦੀ ਹੈ?
3. ਸੀਮਿੰਟ ਦੀਆਂ ਕਿਸਮਾਂ ਲਿਖੋ।
4. ਲੱਕੜ ਦੀ ਸੀਜ਼ਨਿੰਗ ਦੀਆਂ ਵਿਧੀਆਂ ਲਿਖੋ।
5. ਪਲੱਸਤਰ ਦੇ ਕੰਮ ਨੂੰ ਮਾਪਣ ਦੀ ਇਕਾਈ ਕੀ ਹੁੰਦੀ ਹੈ ?
6. ਹੇਠ ਲਿਖਿਆਂ ਵਿੱਚੋਂ ਕਿਹੜਾ ਫਿਲਰ (ਭਰਾਅ) ਪਦਾਰਥ ਹੈ :

ੳ) ਰੇਤ ਅ) ਸੁਰਖੀ ੲ) ਬੱਜਰੀ (ਰੋੜੀ) ਸ) ਇਹ ਸਾਰੇ ਹੀ

7. ਸਧਾਰਨ ਪੋਰਟਲੈਂਡ ਸੀਮਿੰਟ ਦਾ ਰੰਗ ਕਿਹੋ ਜਿਹਾ ਹੁੰਦਾ ਹੈ:

ੳ) ਹਰਾ ਅ) ਕਾਲਾ ੲ) ਹਲਕਾ ਭੂਰਾ ਸ) ਚਿੱਟਾ

8. ਸੀਮਿੰਟ ਵਿੱਚ ਚੂਨੇ ਦੀ ਮਾਤਰਾ ਕਿੰਨੇ ਪ੍ਰਤੀਸ਼ਤ ਹੁੰਦੀ ਹੈ:

ੳ) 59 ਤੋਂ 67 ਪ੍ਰਤੀਸ਼ਤ ਅ) 15 ਤੋਂ 22 ਪ੍ਰਤੀਸ਼ਤ ੲ) 23 ਤੋਂ 25 ਪ੍ਰਤੀਸ਼ਤ ਸ) ਇਹਨਾਂ ਵਿੱਚੋਂ ਕੋਈ ਨਹੀਂ

9. ਸੀਮਿੰਟ ਇੱਕ ਫਿਲਰ (ਭਰਾਅ) ਪਦਾਰਥ ਹੈ। ਸਹੀ/ਗਲਤ
10. ਡੀ.ਪੀ.ਸੀ ਨੂੰ ਮਾਪਣ ਦੀ ਇਕਾਈ ਘਣਮੀਟਰ ਹੁੰਦੀ ਹੈ। ਸਹੀ/ਗਲਤ $10\times1=10$

### ਭਾਗ-II

**ਨੋਟ:ਭਾਗ-II ਵਿੱਚੋਂ ਕੋਈ ਪੰਜ਼ ਪ੍ਰਸ਼ਨ ਕਰੋ।**

11. ਦੂਜ਼ੀ ਸ਼੍ਰੈਣੀ ਦੀਆਂ ਇੱਟਾਂ ਬਾਰੇ ਸੰਖੇਪ ਨੋਟ ਲਿਖੋ।
12. ਜਲਦੀ ਜੰਮਣ ਵਾਲੇ ਸੀਮਿੰਟ ਬਾਰੇ ਸੰਖੇਪ ਨੋਟ ਲਿਖੋ।
13. ਚੂਨੇ ਦੀ ਵਰਤੋਂ ਬਾਰੇ ਲਿਖੋ।
14. ਸੁਰਖੀ ਕੀ ਹੁੰਦੀ ਹੈ? ਸਰਖੀ ਦੀ ਵਰਤੋਂ ਬਾਰੇ ਲਿਖੋ।
15. ਹਵਾ ਦੁਆਰਾ ਸੀਜ਼ਨਿੰਗ ਤੋਂ ਕੀ ਭਾਵ ਹੈ ?
16. ਇਮਾਰਤੀ ਲੱਕੜ ਦੇਵਦਾਰ ਬਾਰੇ ਸੰਖੇਪ ਨੋਟ ਲਿਖੋ।
17. ਸਲਾਨਾ ਰਿਪੇਅਰ ਅਸਟੀਮੇਟ ਬਾਰੇ ਸੰਖੇਪ ਨੋਟ ਲਿਖੋ। $5\times3=15$

### ਭਾਗ-III

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।ਸਾਫ਼ ਸੁਥਰੇ ਚਿੱਤਰ ਬਣਾਉ।**

18. ਇੱਕ ਚੰਗੀ ਇੱਟ ਦੇ ਗੁਣ ਜਾਂ ਵਿਸ਼ੇਸ਼ਤਾਵਾਂ ਲਿਖੋ।
19. $5.5 \times 3.5$ ਮੀਟਰ ਕਮਰੇ ਦੇ ਹੇਠ ਲਿਖੇ ਪਰਿਮਾਣ ਪਤਾ ਕਰੋ:

ੳ) ਮਿੱਟੀ ਦੀ ਖੁਦਾਈ

ਅ) ਨੀਂਹ ਵਿੱਚ ਸੀਮਿੰਟ ਕੰਕਰੀਟ (1:6:12)

ੲ) ਨੀਂਹ ਅਤੇ ਕੁਰਸੀ ਤੱਕ ਪਹਿਲੀ ਸ਼੍ਰੈਣੀ ਇੱਟਾਂ ਦੀ ਚਿਣਾਈ (1:6) ਵਿੱਚ $1\times5=5$

## ਮਾਡਲ ਟੈਸਟ ਪੇਪਰ

## ਵਿਸ਼ਾ: ਕੰਸਟ੍ਰਕਸ਼ਨ ਮੀਟੀਰੀਅਲ ਐਂਡ ਅਸਟੀਮੇਟ

**ਸਮਾਂ:** 2 ਘੰਟੇ **ਵਿਸ਼ਾ ਕੋਡ:** 115 **ਕੁੱਲ ਅੰਕ:** 30

### ਭਾਗ-I

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ:**

1. ਕੰਕਰੀਟ ਬਲਾਕ ਕਿਸ ਕੰਮ ਆਉਂਦੇ ਹਨ?
2. ਸੀਮਿੰਟ ਦੇ ਵੱਖ ਵੱਖ ਤੱਤ ਲਿਖੋ।
3. ਖੋਖਲੀਆਂ ਇੱਟਾਂ ਤੋਂ ਕੀ ਭਾਵ ਹੈ ?
4. ਇਮਾਰਤੀ ਲੱਕੜ ਦੀਆਂ ਕਿਸਮਾਂ ਲਿਖੋ।
5. ਨੀਂਹ ਦੀ ਖੁਦਾਈ ਨੂੰ ਮਾਪਣ ਦੀ ਇਕਾਈ ਕੀ ਹੈ ?
6. ਬੱਜ਼ਰੀ (ਰੋੜੀ) ਨੂੰ ਕਿਸ ਕੰਮ ਲਈ ਵਰਤਿਆ ਜਾਂਦਾ ਹੈ:
   ੳ) ਸੀਮਿੰਟ ਕੰਕਰੀਟ ਤਿਆਰ ਕਰਨ ਲਈ ਅ) ਪਲੱਸਤਰ ਲਈ ੲ) ਸਫੈਦੀ ਲਈ ਸ) ਇੱਟਾਂ ਦੀ ਚਿਣਾਈ ਲਈ
7. ਇਮਾਰਤੀ ਲੱਕੜ ਤੋਂ ਕਿਹੜੀ ਵਸਤੂ ਤਿਆਰ ਕੀਤੀ ਜਾਂਦੀ ਹੈ:
   ੳ) ਦਰਵਾਜ਼ੇ ਅ) ਖਿੜਕੀਆਂ ੲ) ਚੁਗਾਠਾਂ ਸ) ਇਹ ਸਾਰੇ ਹੀ
8. ਇਮਾਰਤੀ ਲੱਕੜ ਵਿੱਚ ਨਮੀ ਦੀ ਮਾਤਰਾ ਕਿੰਨੇ ਪ੍ਰਤੀਸ਼ਤ ਤੱਕ ਹੋਣੀ ਚਾਹੀਦੀ ਹੈ:
   ੳ) 10 ਤੋਂ 12 ਪ੍ਰਤੀਸ਼ਤ ਅ) 20 ਤੋਂ 22 ਪ੍ਰਤੀਸ਼ਤ ੲ) 2 ਤੋਂ 5 ਪ੍ਰਤੀਸ਼ਤ ਸ) 4 ਤੋਂ 8 ਪ੍ਰਤੀਸ਼ਤ
9. ਇੱਕ ਚੰਗੀ ਇੱਟ ਦੀ ਸਤਿਹ ਸਮਤਲ ਅਤੇ ਸਾਫ਼ ਹੋਣੀ ਚਾਹੀਦੀ ਹੈ। ਸਹੀ/ਗਲਤ
10. ਸੀਮਿੰਟ ਦੇ ਇੱਕ ਥੈਲੇ ਦਾ ਵਜ਼ਨ 20 ਕਿਲੋਗ੍ਰਾਮ ਹੁੰਦਾ ਹੈ। ਸਹੀ/ਗਲਤ

$10\times1=10$

### ਭਾਗ-II

**ਨੋਟ:ਭਾਗ-II ਵਿੱਚੋਂ ਕੋਈ ਪੰਜ਼ ਪ੍ਰਸ਼ਨ ਕਰੋ।ਸਾਫ਼ ਸੁਥਰੇ ਚਿੱਤਰ ਬਣਾਉ।**

11. ਛੱਤ ਵਾਲੀਆਂ ਟਾਈਲਾਂ ਬਾਰੇ ਸੰਖੇਪ ਨੋਟ ਲਿਖੋ।
12. ਚੂਨੇ ਦੀਆਂ ਕਿਸਮਾਂ ਲਿਖੋ।
13. ਸਧਾਰਨ ਪੋਰਟਲੈਂਡ ਸੀਮਿੰਟ ਬਾਰੇ ਸੰਖੇਪ ਨੋਟ ਲਿਖੋ।
14. ਅਸਟੀਮੇਟ ਤਿਆਰ ਕਰਨ ਦੀ ਮੱਧ ਰੇਖਾ ਵਿਧੀ ਬਾਰੇ ਲਿਖੋ।
15. ਇੱਕ ਚੰਗੀ ਰੇਤ ਦੇ ਗੁਣ ਲਿਖੋ।
16. ਵਿਸਥਾਰਿਤ ਅਸਟੀਮੇਟ ਬਾਰੇ ਸੰਖੇਪ ਨੋਟ ਲਿਖੋ।
17. ਇਮਾਰਤੀ ਲੱਕੜ ਪਾਏ ਜਾਣ ਵਾਲੇ ਦੋਸ਼ਾਂ (ਨੁਕਸਾਂ) ਬਾਰੇ ਸੰਖੇਪ ਨੋਟ ਲਿਖੋ । $5\times3=15$

### ਭਾਗ-III

**ਨੋਟ: ਭਾਗ-III ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ।ਸਾਫ਼ ਸੁਥਰੇ ਚਿੱਤਰ ਬਣਾਉ।**

18. ਸੀਮਿੰਟ ਤਿਆਰ ਕਰਨ ਦੀ ਗਿੱਲੀ ਵਿਧੀ ਬਾਰੇ ਵਿਸਥਾਰਪੂਰਵਕ ਲਿਖੋ।
19. ਫਿਲਰ ਪਦਾਰਥ ਤੋਂ ਕੀ ਭਾਵ ਹੈ? ਵੱਖ ਵੱਖ ਤਰ੍ਹਾਂ ਦੇ ਫਿਲਰ ਪਦਾਰਥਾਂ ਬਾਰੇ ਲਿਖੋ।

$5\times1=5$

## ਮਾਡਲ ਟੈਸਟ ਪੇਪਰ

### ਵਿਸ਼ਾ: ਜਨਰਲ ਫ਼ਾਊਂਡੇਸ਼ਨ ਕੋਰਸ(138)

**ਸਮਾਂ: 3 ਘੰਟ** **ਕੁੱਲ ਅੰਕ:45**

**ਭਾਗ-I**

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਉਦੱਮੀ ਤੋਂ ਕੀ ਭਾਵ ਹੈ?।
2. ਸੰਚਾਰ ਦੇ ਸਾਧਨ ਲਿਖੋ।
3. R.B.I. ਦਾ ਪੂਰਾ ਨਾਮ ਲਿਖੋ।
4. ਭਰਤੀ ਦੇ ਢੰਗ ਲਿਖੋ।
5. ਮਜ਼ਦੂਰੀ ਦੀਆਂ ਕਿਸਮਾਂ ਲਿਖੋ।
6. ਈ-ਬੈਕਿੰਗ ਨਾਮ ਬੈਕਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਸਹੀ/ਗਲਤ
7. ਲ਼ਿਖਤੀ ਸੰਚਾਰ ਬਹੁਤ ਤੇਜ਼ ਹੁੰਦਾ ਹੈ। ਸਹੀ/ਗਲਤ
8. ਉਦਯੋਗ ਦੀ ਮੁੱਢਲੀ ਜ਼ਰੂਰਤ ਪੈਸਾ(ਪੂੰਜ਼ੀ) ਹੁੰਦੀ ਹੈ। ਸਹੀ/ਗਲਤ
9. G.S.T ਦਾ ਪੂਰਾ ਨਾਮ…………... ਹੈ।
10. S.F.C ਦਾ ਪੂਰਾ ਨਾਮ.......... ਹੈ।
11. ਸੇਵਾ ਉਦਯੋਗ ਦੀ ਉਦਾਹਰਣ ਕਿਹੜੀ ਹੈ?
    ੳ. ਡਰਾਈ ਕਲੀਨਰ ਦੀ ਦੁਕਾਨ ਅ. ਆਚਾਰ ਬਣਾਉਣਾ ੲ. ਸਾਬਣ ਬਣਾਉਣਾ ਸ. ਇਹ ਸਾਰੇ ਹੀ।
12. ਪੰਜਾਬ ਰਾਜ ਵਿੱਤ ਕਾਰਪੋਰੇਸ਼ਨ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ।
    ੳ. ਚੰਡੀਗੜ ਅ. ਜਲੰਧਰ ੲ. ਦਿੱਲੀ ਸ. ਬਠਿੰਡਾ
13. ਬਾਹਰੀ ਭਰਤੀ ਦਾ ਸ੍ਰੋਤ ਕਿਹੜਾ ਹੈ?
    ੳ. ਸਕੂਲ ਅ. ਰੁਜ਼ਗਾਰ ਦਫਤਰ ੲ. ਕਾਲਜ਼ ਅਤੇ ਯੂਨੀਵਰਸਿਟੀਆਂ ਸ. ਇਹ ਸਾਰੇ ਹੀ
14. S.B.I ਦਾ ਪੂਰਾ ਨਾਮ ਕੀ ਹੈ?
    ੳ. ਸਟੇਟ ਬੈਂਕ ਆਫ਼ ਇੰਡੀਆ ਅ. ਗੁੱਡਜ਼ ਸਟੇਟ ਕਰ ੲ. ਗੁਜ਼ਰਾਤ ਸਰਕਾਰ ਕਰ ਸ. ਸਟੇਟ ਬਿਊਰੋ ਇੰਡੀਆ

14×1=14

**ਭਾਗ-II**

**ਨੋਟ: ਭਾਗ-II ਵਿੱਚੋਂ ਕੋਈ ਸੱਤ ਪ੍ਰਸ਼ਨ ਕਰੋ।**

15. ਉਦਯੋਗ ਦੇ ਬੀਮੇ ਬਾਰੇ ਸੰਖੇਪ ਨੋਟ ਲਿਖੋ।
16. ਬਾਹਰੀ ਭਰਤੀ ਦੇ ਲਾਭ ਲਿਖੋ।
17. ਪੰਜਾਬ ਰਾਜ ਵਿੱਤ ਕਾਰਪੋਰੇਸ਼ਨ ਦੇ ਕੰਮ ਲਿਖੋ।
18. ਟ੍ਰੇਨਿੰਗ ਤੋ ਕੀ ਭਾਵ ਹੈ?
19. ਈ ਬੈਕਿੰਗ ਬਾਰੇ ਸੰਖੇਪ ਨੋਟ ਲਿਖੋ।
20. ਬੇਲੈਂਸ ਸ਼ੀਟ ਦੀਆਂ ਕਿਸਮਾਂ ਲਿਖੋ।
21. ਪ੍ਰੇਰਕ ਤੋਂ ਕੀ ਭਾਵ ਹੈ?
22. ਇੰਟਰਵਿਊ ਬਾਰੇ ਸੰਖੇਪ ਨੋਟ ਲਿਖੋ।
23. ਜ਼ੁਬਾਨੀ ਸੰਚਾਰ ਦੀਆਂ ਕੋਈ ਤਿੰਨ ਲਾਭ ਲਿਖੋ।
24. ਪਰਸਨਲ ਮਨੇਜ਼ਮੈਂਟ ਦੇ ਕੰਮ ਲਿਖੋ। 7×3=21

**ਭਾਗ-III**

**ਨੋਟ: ਭਾਗ-III ਵਿੱਚੋਂ ਕੋਈ ਦੋ ਪ੍ਰਸ਼ਨ ਕਰੋ।**

25. ਉਦਯੋਗ ਤੋਂ ਕੀ ਭਾਵ ਹੈ?ਉਦਯੋਗ ਦੀਆਂ ਕਿਸਮਾਂ ਲਿਖੋ।
26. ਸੰਚਾਰ ਤੋਂ ਕੀ ਭਾਵ ਹੈ? ਸੰਚਾਰ ਦੇ ਸਾਧਨਾਂ ਬਾਰੇ ਲਿਖੋ।
27. ਕਿਸੇ ਦੋ ਵਿੱਤੀ ਸੰਸਥਾਵਾਂ ਬਾਰੇ ਸੰਖੇਪ ਨੋਟ ਲਿਖੋ।
28. ਲੈਜ਼ਰ ਕੀ ਹੈ?ਲੈਜ਼ਰ ਅਤੇ ਰੋਜ਼ਾਨਮਚੇ ਵਿੱਚ ਅੰਤਰ ਲਿਖੋ। 2×5=10

# ਮਾਡਲ ਟੈਸਟ ਪੇਪਰ
## ਵਿਸ਼ਾ: ਜਨਰਲ ਫ਼ਾਊਂਡੇਸ਼ਨ ਕੋਰਸ(138)

**ਸਮਾਂ**: 3 ਘੰਟੇ **ਕੁੱਲ ਅੰਕ**:45

**ਭਾਗ-I**

**ਨੋਟ: ਭਾਗ-I ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਦੋ ਵਿੱਤੀ ਸੰਸਥਾਵਾਂ ਦੇ ਨਾਮ ਲਿਖੋ।
2. ਲਿਖਤੀ ਸੰਚਾਰ ਤੋਂ ਕੀ ਭਾਵ ਹੈ?
3. S.I.D.O ਦਾ ਪੂਰਾ ਨਾਮ ਲਿਖੋ।
4. ਪਰਸਨਲ ਮੇਨੈਜ਼ਮੈਂਟ ਤੋਂ ਕੀ ਭਾਵ ਹੈ।
5. ਬਜ਼ਟ ਦੀਆਂ ਕਿਸਮਾਂ ਲਿਖੋ।
6. ਈ-ਬੈਕਿੰਗ ਦੀ ਵਰਤੋਂ ਕਰਕੇ ਅਸੀਂ ਪੈਸੇ ਦਾ ਲੈਣ ਦੇਣ ਨਹੀਂ ਕਰ ਸਕਦੇ ਹਾਂ। ਸਹੀ/ਗਲਤ
7. ਈ ਮੇਲ ਸੰਚਾਰ ਦਾ ਇੱਕ ਸਾਧਨ ਹੈ। ਸਹੀ/ਗਲਤ
8. ਟ੍ਰੇਨਿੰਗ ਦੁਰਘਟਨਾਵਾਂ ਘਟਾਉਣ ਵਿੱਚ ਮਦਦ ਕਰਦੀ ਹੈ। ਸਹੀ/ਗਲਤ
9. S.W.O.T ਦਾ ਪੂਰਾ ਨਾਮ............... ਹੈ।
10. R.B.I ਦਾ ਮੁੱਖ ਦਫ਼ਤਰ.........ਵਿਖੇ ਸਥਿਤ ਹੈ।
11. ਨਿਰਮਾਣ ਉਦਯੋਗ ਦੀ ਉਦਾਹਰਣ ਕਿਹੜੀ ਹੈ?
    ੳ. ਮੋਟਰ ਮਕੈਨਿਕ ਦੀ ਦੁਕਾਨ ਅ. ਮੋਮਬੱਤੀਆਂ ਬਣਾਉਣਾ ੲ. ਹੇਅਰ ਡਰੈਸਰ ਦੀ ਦੁਕਾਨ ਸ. ਕਰਿਆਨੇ ਦੀ ਦੁਕਾਨ
12. ਸਮਾਨ ਦੀ ਢੁਆ-ਢੁਆਈ ਦਾ ਕੰਮ ਕੋਣ ਕਰਦਾ ਹੈ?
    ੳ. ਕੁਸ਼ਲ ਕਰਮਚਾਰੀ ਅ. ਅਕੁਸ਼ਲ ਕਰਮਚਾਰੀ ੲ. ਮਾਰਕੀਟਿੰਗ ਏਜੰਟ ਸ. ਸਟੋਰ ਕੀਪਰ
13. ਹੇਠ ਲਿਖਿਆਂ ਵਿੱਚੋਂ ਭਾਹਰੀ ਭਰਤੀ ਦਾ ਸ੍ਰੋਤ ਕਿਹੜਾ ਨਹੀਂ ਹੈ?
    ੳ. ਸਕੂਲ ਅ. ਰੁਜ਼ਗਾਰ ਦਫਤਰ ੲ. ਕਾਲਜ਼ ਅਤੇ ਯੂਨੀਵਰਸਿਟੀਆਂ ਸ. ਤਰੱਕੀ
14. ਮਾਰਕੀਟਿੰਗ ਮਿਕਸ ਦਾ ਤੱਤ ਕਿਹੜਾ ਹੈ ?
    ੳ. ਕੀਮਤ ਅ. ਗੁੱਡਜ਼ ਸਟੇਟ ੲ. ਉੱਦਮੀ ਸ. ਕਰਮਚਾਰੀ

14×1=14

**ਭਾਗ-II**

**ਨੋਟ: ਭਾਗ-II ਵਿੱਚੋਂ ਕੋਈ ਸੱਤ ਪ੍ਰਸ਼ਨ ਕਰੋ।**

15. ਸਟੇਟ ਬੈਂਕ ਆਫ਼ ਇੰਡੀਆ ਬਾਰੇ ਸੰਖੇਪ ਨੋਟ ਲਿਖੋ।
16. ਅੰਦਰੂਨੀ ਭਰਤੀ ਦੀਆਂ ਹਾਨੀਆਂ ਲਿਖੋ।
17. ਲਘੂ ਉਦਯੋਗ ਵਿਕਾਸ ਸੰਗਠਨ ਬਾਰੇ ਲਿਖੋ।
18. ਬੱਚਤ ਖਾਤੇ ਬਾਰੇ ਸੰਖੇਪ ਨੋਟ ਲਿਖੋ।
19. ਈ ਬੈਕਿੰਗ ਦੇ ਲਾਭ ਲਿਖੋ।
20. ਰੋਣਾਨਮਚੇ ਬਾਰੇ ਸੰਖੇਪ ਨੋਟ ਲਿਖੋ।
21. ਬਜ਼ਟ ਤੋਂ ਕੀ ਭਾਵ ਹੈ?
22. ਗਰੁੱਪ ਇੰਟਰਵਿਊ ਬਾਰੇ ਸੰਖੇਪ ਨੋਟ ਲਿਖੋ।
23. ਜ਼ੁਬਾਨੀ ਸੰਚਾਰ ਤੋਂ ਕੀ ਭਾਵ ਹੈ?ਜ਼ੁਬਾਨੀ ਸੰਚਾਰ ਦੀਆਂ ਹਾਨੀਆਂ ਲਿਖੋ।
24. ਜੀ.ਐੱਸ.ਟੀ ਬਾਰੇ ਸੰਖੇਪ ਨੋਟ ਲਿਖੋ। 7×3=21

**ਭਾਗ-III**

**ਨੋਟ: ਭਾਗ-III ਵਿੱਚੋਂ ਕੋਈ ਦੋ ਪ੍ਰਸ਼ਨ ਕਰੋ।**

25. ਪ੍ਰੋਜੈਕਟ ਰਿਪੋਰਟ ਤੋਂ ਕੀ ਭਾਵ ਹੈ?ਪ੍ਰੋਜੈਕਟ ਰਿਪੋਰਟ ਬਣਾਉਣ ਦੇ ਲਾਭ ਲਿਖੋ।
26. ਇੰਟਰਵਿਊ ਦੇਣ ਜਾਣ ਸਮੇਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।
27. ਮਜ਼ਦੂਰੀ ਦੇਣ ਦੇ ਵੱਖ ਵੱਖ ਢੰਗਾਂ ਬਾਰੇ ਵਿਸਥਾਰਪੂਰਵਕ ਲਿਖੋ।
28. ਈ ਬੈਕਿੰਗ ਤੋਂ ਕੀ ਭਾਵ ਹੈ? ਈ ਬੈਕਿੰਗ ਦੇ ਲਾਭ ਲਿਖੋ। 2×5=10